# ਅਸਤਿ ਏਕ ਦਿਗਰਿ ਕੁਈ

**ਮਃ ੧ ॥**

**ਨ ਦਾਦੇ ਦਿਹੰਦ ਆਦਮੀ॥ ਨ ਸਪਤ ਜੇਰ ਜਿਮੀ॥**

**ਦਾਦੇ ਦਿਹੰਦ – ਇਨਸਾਫ਼ ਦੇਣ ਵਾਲਾ; ਜੇਰ – ਹੇਠਾਂ।**

ਇਹ ਪੰਕਤੀਆਂ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ, 'ਵਾਰ ਮਾਝ ਕੀ' ਦੀ ੧੩ਵੀਂ ਪਉੜੀ ਦੇ ਨਾਲ, ਤੀਜਾ ਸਲੋਕ ਹਨ। ਇਹ ਸਲੋਕ ਵੀ, ਸ੍ਰੀ ਗੁਰੂ ਨਾਨਕ ਸਾਹਿਬ ਦਾ ਹੀ ਉਚਾਰਣ ਕੀਤਾ ਹੋਇਆ ਹੈ, ਜੋ, ਅੰਕ ੧੪੪ ਤੇ ਸੁਭਾਇਮਾਨ ਹੈ। ਅਸਲ ਵਾਰ, ਪਉੜੀਆਂ ਹੀ ਹੁੰਦੀਆਂ ਹਨ। ਸਲੋਕਾਂ ਨੂੰ, ਸ੍ਰੀ ਗੁਰੂ ਅਰਜਨ ਸਾਹਿਬ ਨੇ, ਹਰ ਇਕ ਪਉੜੀ ਦਾ ਭਾਵ ਸਪੱਸ਼ਟ ਕਰਨ ਲਈ ਹੀ ਨਾਲ ਜੋੜਿਆ ਸੀ।

ਇਹ ਸਲੋਕ, ਗੁਰਦੇਵ ਨੇ, ਅਕਾਲ ਪੁਰਖ ਦੀ ਉਸਤਤਿ ਵਿਚ, ਅਤਿਅੰਤ ਵਿਸਮਾਦ ਦੀ ਅਵੱਸਥਾ ਵਿਚ ਉਚਾਰਣ ਕੀਤੇ ਹਨ। ਠੀਕ ਇਸੇ ਅਵੱਸਥਾ ਵਿਚ ਦਸਮ ਪਾਤਸ਼ਾਹ ਨੇ 'ਤੁਹੀ ਤੁਹੀ॥...' ਦਾ ਅਲਾਪ ਕੀਤਾ ਸੀ ਜਿਸਦਾ ਅੰਸ, ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਵੀ ਅੰਕਤ ਹੈ।

**ਅਰਥ :** ਨਾ ਧਰਤੀ ਤੋਂ ਉਪਰ, ਮਨੁਖਾਂ ਦਾ ਇਨਸਾਫ਼ ਕਰਣ ਵਾਲੇ, ਧਰਮਰਾਜ ਆਦਿ ਲੋਕ, ਭਾਵ, ਸਾਰੇ ਦੇਵਤੇ, ਨਾ ਹੇਠਾਂ ਧਰਤੀ ਤੇ, ਸਤੇ, ਭਾਵ, ਸਾਰੇ ਦੀਪਾਂ ਤੇ ਵਸਣ ਵਾਲੇ, ਸਦਾ ਰਹਿਣ ਵਾਲੇ ਹਨ, ਭਾਵ, ਇਹ ਸਾਰੇ ਨਾਸਵੰਤ ਹਨ। ਭਾਵ, ਸਮੂਹ ਦੇਵਤੇ, ਧਰਤੀ ਆਦਿ ਤੇ ਵਸਣ ਵਾਲੇ ਸਭ ਜੀਵ ਨਾਸਵੰਤ ਹਨ।
ਆਦਿ ਕਾਲ ਵਿਚ, ਇਸ ਧਰਤੀ ਤੇ, ਕੁਲ ਸਤ ਦੀਪ ਮੰਨੇ ਜਾਂਦੇ ਸਨ, ਜਿਨ੍ਹਾਂ ਦਾ ਜ਼ਿਕਰ ਭਾਗਵਤ ਆਦਿ ਪੁਰਾਣਾਂ ਵਿਚ ਵੀ ਮਿਲਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਸਲੋਕਾਂ ਵਿਚ ਉਚਾਰਣ ਕੀਤਾ ਹੈ ਕਿ ਜੋ ਵੀ ਪੈਦਾ ਹੋਇਆ ਹੈ, ਜੜ੍ਹ ਜਾਂ ਚੇਤਨ, ਉਸਨੇ ਨਾਸ ਹੋਣਾ ਹੈ, ਕੋਈ ਅਜ ਕੋਈ ਕਲ੍ਹ – 'ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥', ਅੰਕ ੧੪੨੯.

ਦਸਵੇਂ ਪਾਤਸ਼ਾਹ, '**ਕਬਿਯੋਬਾਚ ਬੇਨਤੀ ਚੌਪਈ**' ਵਿਚ ਫ਼ੁਰਮਾਣ ਕਰਦੇ ਹਨ ਕਿ ਬ੍ਰਹਮਾ, ਵਿਸ਼ਨੂ, ਮਹੇਸ (ਸ਼ਿਵ) ਆਦਿ ਸਾਰੇ ਦੇਵਤੇ ਕਾਲ ਦੇ ਅਧੀਨ ਹਨ, ਆਪਣਾ ਸਮਾਂ ਮੁਕ ਜਾਣ ਤੇ, ਇਨ੍ਹਾਂ ਨੂੰ ਵੀ ਕਾਲ ਖਾ ਜਾਂਦਾ ਹੈ, ਸਗੋਂ ਸਮਾਂ ਪਹਿਲਾਂ ਨਿਸਚਿਤ ਕਰਵਾ ਕੇ ਹੀ ਇਨ੍ਹਾਂ ਦਾ ਜਨਮ ਹੁੰਦਾ ਹੈ – 'ਕਾਲ ਪਾਇ ਬ੍ਰਹਮਾ ਬਪੁ ਧਰਾ॥ ਕਾਲ ਪਾਇ ਸਿਵਜੂ ਅਵਤਰਾ॥ ਕਾਲ ਪਾਇ ਕਰਿ ਬਿਸਨੁ ਪ੍ਰਕਾਸਾ॥ ਸਕਲ ਕਾਲ ਕਾ ਕੀਆ ਤਮਾਸਾ॥'

ਭਗਤ ਕਬੀਰ ਜੀ ਨੇ ਕਾਲ, ਮੌਤ ਦੇ ਬਾਰੇ ਸਪੱਸ਼ਟ ਕੀਤਾ ਹੈ ਕਿ ਇਹ ਦਿਸਦਾ ਸੰਸਾਰ, ਮੌਤ ਦੇ ਅਧੀਨ ਹੈ, ਕੋਈ ਵੀ ਸਦਾ ਰਹਿਣ ਵਾਲਾ ਨਹੀਂ ਹੈ। ਬਚਾ ਹੋਵੇ ਜਾਂ ਬੁਢਾ, ਨਿਰਧਨ ਹੋਵੇ ਜਾਂ ਧਨਵੰਤ, ਰਾਜਾ ਹੋਵੇ ਜਾਂ ਪਰਜਾ, ਜਮ ਨੇ ਸਭ ਨੂੰ ਲੈ ਹੀ ਜਾਣਾ ਹੈ, ਕਿਸੇ ਦਾ ਕੋਈ

ਲਿਹਾਜ਼ ਨਹੀਂ, ਕਾਲ ਬੜਾ ਡਾਢਾ ਹੈ - 'ਐਸੋ ਇਹੁ ਸੰਸਾਰ ਪੇਖਨਾ ਰਹਨੁ ਨ ਕੋਊ ਪਈ ਹੈ ਰੇ॥ ਬਾਰੇ ਬੂਢੇ ਤਰੁਨੇ ਭਈਆ ਸਬਹੂ ਜਮੁ ਲੈ ਜਈ ਹੈ ਰੇ॥..ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ॥ ਰਾਜਾ ਪਰਜਾ ਸਮ ਕਰਿ ਮਾਰੇ ਐਸੋ ਕਾਲੁ ਬਡਾਨੀ ਰੇ॥, ਅੰਕ ੮੫੫.

## ਅਸਤਿ ਏਕ ਦਿਗਰਿ ਕੁਈ॥

**ਅਰਥ** : ਸਦਾ ਥਿਰ ਰਹਿਣ ਵਾਲਾ ਸਿਰਫ਼ ਇਕ ਹੀ ਹੈ। ਹੋਰ ਦੂਜਾ ਕੌਣ ਹੋ ਸਕਦਾ ਹੈ ? ਭਾਵ, ਕੋਈ ਹੋਰ ਦੂਜਾ ਸਦਾ ਲਈ ਥਿਰ ਨਹੀਂ ਹੈ। ਸਿਰਫ਼ ਤੇ ਸਿਰਫ਼ ਇਕ ਪਰਮਾਤਮਾ ਹੀ ਅਟੱਲ ਹੈ, ਸਦਾ ਰਹਿਣ ਵਾਲਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਨੇ ਸੁਖਮਨੀ ਸਾਹਿਬ ਵਿਚ ੧੯ਵੀਂ ਅਸਟਪਦੀ ਦੇ ਆਖਰੀ ਪਦੇ ਵਿਚ ਉਚਾਰਣ ਕੀਤਾ ਹੈ - 'ਏਕੋ ਏਕੁ ਏਕੁ ਹਰਿ ਆਪਿ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥', ਭਾਵ, ਉਹ ਪ੍ਰਭੂ, ਸਿਰਫ਼ ਇਕੋ ਇਕ ਆਪ ਹੀ ਹੈ ਜੋ ਪਰੀ-ਪੂਰਣ ਹੈ ਅਤੇ ਹਰ ਪਾਸੇ, ਹਰ ਥਾਂ ਆਪ ਹੀ ਵਿਆਪ ਰਿਹਾ ਹੈ। ਮਹਾਰਾਜ ਨੇ, ੭੧੦ ਅੰਕ ਤੇ ਵੀ ਫ਼ੁਰਮਾਣ ਕੀਤਾ ਹੈ ਕਿ ਇਕੋ ਉਹੀ ਪ੍ਰਭੂ ਹੀ ਹੈ ਜੋ ਹਰ ਪਾਸੇ ਸਭ ਕੁਝ ਕਰਦਾ ਵੇਖਿਆ ਅਤੇ ਸੁਣਿਆ ਜਾ ਸਕਦਾ ਹੈ। ਉਹ ਇਕੋ ਆਪ ਹੀ ਹੈ ਜੋ ਹਰ ਥਾਂ ਵਰਤ ਰਿਹਾ ਹੈ, ਉਹੀ ਇਕ ਸਾਰੇ ਨਰਾਂ, ਭਾਵ, ਜੀਵਾਂ ਦਾ ਸੁਆਮੀ ਹੈ - 'ਦ੍ਰਿਸ਼ਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ॥'

ਸ੍ਰੀ ਗੁਰੂ ਅਰਜਨ ਸਾਹਿਬ ਨੇ, ਪੰਨਾ ੯੬੬ ਤੇ, ਫ਼ੁਰਮਾਣ ਕੀਤਾ ਹੈ ਕਿ ਇਕੋਂ, ਪ੍ਰਭੂ ਹੀ ਸਭ ਪਾਸੇ ਮੌਜੂਦ ਵੀ ਹੈ ਤੇ ਸਭ ਕੁਝ ਉਹੀ ਕਰ ਰਿਹਾ ਹੈ, ਉਸ ਇਕ ਤੋਂ ਬਿਨਾਂ ਹੋਰ ਕੋਈ ਕੁਝ ਹੈ ਹੀ ਨਹੀਂ - 'ਨਾਨਕ ਵਰਤੈ ਇਕੁ ਇਕੋ ਇਕ ਤੂੰ॥'

## ਏਕ ਤੁਈ ਏਕ ਤੁਈ॥੨॥

**ਅਰਥ** : ਹੇ ਵਾਹਗੁਰੂ । ਇਕ ਤੂੰ ਹੀ ਹੈ, ਇਕ ਤੂੰ ਹੀ ਹੈ, ਹੋਰ ਕੁਝ ਵੀ ਨਹੀਂ, ਭਾਵ, ਹੋਰ ਕੁਝ ਵੀ ਆਪਣੇ ਆਪ ਤੋਂ ਹੋਂਦ ਨਹੀਂ ਰਖਦਾ।੨।

ਭਾਵ, ਇਕ ਪਰਮਾਤਮਾ ਹੀ ਸਦਾ ਰਹਿਣ ਵਾਲਾ ਹੈ, ਹੋਰ ਕੋਈ ਨਹੀਂ। ਇਸ ਕਰਕੇ ਇਹੀ ਜਪੋ ਕਿ 'ਏਕ ਤੁਈ ਏਕ ਤੁਈ.............'

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਪਰਮੇਸ਼ਰ ਇਕੱਲਾ ਆਪ ਹੀ ਸਭ ਪਾਸੇ, ਸਭ ਕੁਝ ਕਰ ਰਿਹਾ ਹੈ, ਸਮਾਇਆ ਹੋਇਆ ਹੈ ਅਤੇ ਸਾਰੀ ਬਣਤ, ਰਚਨਾ ਉਸ ਦੀ ਆਪਣੀ ਹੀ ਬਣਾਈ ਹੋਈ ਹੈ। ਉਹ ਆਪ ਹੀ ਸਭ ਪਾਸੇ ਵਰਤ ਰਿਹਾ ਹੈ, ਇਹ ਸ੍ਰਿਸ਼ਟੀ ਉਸ ਦੀ ਹੀ ਸਾਜੀ ਹੋਈ ਹੈ, ਉਸ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ, ਉਹ ਆਪ ਹੀ ਸਭ ਪਾਸੇ ਸਮਾਇਆ ਹੋਇਆ ਹੈ – 'ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥', ਅੰਕ ੧੨੯੧.

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੩੬ ਤੇ, ਫ਼ੁਰਮਾਣ ਕਰਦੇ ਹਨ ਕਿ ਇਕੋ ਪ੍ਰਭੂ ਹੀ ਦਾਤਾ

ਹੈ ਜੋ ਹਰ ਥਾਂ ਤੇ ਸਭ ਕੁਝ ਕਰ ਰਿਹਾ ਹੈ, ਹੋਰ ਦੂਜਾ ਕੋਈ ਨਹੀਂ ਹੈ। ਜੇ ਉਸੇ ਦਾ ਹੀ, ਗੁਰੂ ਦੇ ਦਿਤੇ ਸ਼ਬਦ, ਭਾਵ, ਗੁਰ ਮੰਤਰ ਰਾਹੀਂ ਨਾਮ ਜਪ ਕੇ, ਉਹ ਮਨ ਵਿਚ ਵਸ ਜਾਏ ਤਾਂ ਸਹਿਜ ਅਵੱਸਥਾ ਦਾ ਸੁਖ ਪ੍ਰਾਪਤ ਹੋ ਜਾਏ - 'ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ॥ ਸਬਦਿ ਸਾਲਾਹੀ ਮਨਿ ਵਸੈ ਸਹਜੇ ਹੀ ਸੁਖੁ ਹੋਇ॥'

ਸ੍ਰੀ ਗੁਰੂ ਅਰਜਨ ਸਾਹਿਬ, ੮੮੪ ਪੰਨੇ ਤੇ ਫੁਰਮਾਣ ਕਰਦੇ ਹਨ ਕਿ ਤੂੰ ਇਕ ਹੀ ਹੈਂ, ਇਕ ਹੀ ਹੈਂ, ਤੂੰ ਹੀ ਇਕੋ ਮਾਲਕ ਹੈਂ, ਤੇਰੀ ਕਿਰਪਾ ਨਾਲ ਹੀ ਸੁਖ ਮਿਲਦਾ ਹੈ - 'ਏਕੈ ਏਕੈ ਏਕ ਤੂਹੀ॥ ਏਕੈ ਏਕੈ ਤੂ ਰਾਇਆ॥ ਤਉ ਕਿਰਪਾ ਤੇ ਸੁਖੁ ਪਾਇਆ॥'

## ਮਃ ੧ ॥

## ਨ ਸੂਰ ਸਸਿ ਮੰਡਲੋ॥ ਨ ਸਪਤ ਦੀਪ ਨਹ ਜਲੋ॥

## ਅੰਨ ਪਉਣ ਥਿਰੁ ਨ ਕੁਈ॥ ਏਕੁ ਤੁਈ ਏਕੁ ਤੁਈ॥੪॥

**ਸੂਰ - ਸੂਰਜ, ਸਸਿ – ਚੰਨ, ਮੰਡਲੋ - ਸੂਰਜ ਚੰਨ ਸਮੇਤ, ਹੋਰ ਗ੍ਰਹਿ ਆਦਿ ਦਾ ਸਮੂਹ, ਸਪਤ ਦੀਪ - ਧਰਤੀ ਉਤੇ ਖੁਸ਼ਕੀ ਦੇ ਸਾਰੇ ਖੰਡ; ਕੁਈ – ਕੌਣ**

ਇਥੋਂ, ਸ੍ਰੀ ਗੁਰੂ ਨਾਨਕ ਸਾਹਿਬ ਦਾ, ਅਗਲਾ ਸਲੋਕ ਸ਼ੁਰੂ ਹੋ ਜਾਂਦਾ ਹੈ।

**ਅਰਥ** : ਪਿਛਲੇ ਸਲੋਕ ਦਾ ਭਾਵ ਅਗੇ ਤੋਰਦੇ ਹੋਏ, ਮਹਾਰਾਜ, ਅਗੋਂ ਫੁਰਮਾਣ ਕਰਦੇ ਹਨ ਕਿ ਨਾ ਕੋਈ ਸੂਰਜ, ਨਾ ਚੰਨ ਅਤੇ ਨਾ ਕੋਈ ਮੰਡਲ ਨਾ ਧਰਤੀ ਦੇ, ਆਦਿ ਜੋ ਕਾਲ ਵਿਚ ਨਾ ਮੰਨੇ ਜਾਣ, ਨਾ ਸਤ ਖੰਡ, ਭਾਵ ਸਾਡੀ ਜ਼ਮੀਨ, ਨਾ ਜਲ, ਭਾਵ, ਨਦੀਆਂ ਸਮੁੰਦਰ ਆਦਿ, ਨਾ ਅੰਨ, ਨਾ ਹਵਾ, ਇਨ੍ਹਾਂ ਸਭ ਵਿਚੋਂ ਕੁਝ ਵੀ ਥਿਰ ਨਹੀਂ, ਸਦਾ ਰਹਿਣ ਵਾਲਾ ਨਹੀਂ। ਪ੍ਰਸ਼ਨਾਤਮਕ ਵਿਧੀ ਨਾਲ ਸਾਰੀ ਕਾਇਨਾਤ ਦੀ ਛਿੰਨ-ਭੰਗਰਤਾ ਸਮਝਾਈ ਹੈ ਕਿ 'ਹੇ ਪ੍ਰਭੂ ! ਤੇਰੇ ਬਿਨਾਂ ਹੋਰ ਹੈ ਹੀ ਕੌਣ?', ਭਾਵ, ਕੋਈ ਵੀ ਨਹੀਂ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਉਚਾਰਣ ਕੀਤਾ ਹੈ ਕਿ ਉਹ ਅੱਲ੍ਹਾ, ਅਲਖ ਹੈ, ਅਪਹੁੰਚ ਹੈ, ਸਾਰੀ ਕਾਇਨਾਤ ਦਾ ਮਾਲਕ ਹੈ, ਸਭ ਕੁਝ ਉਸੇ ਦਾ ਕੀਤਾ ਹੁੰਦਾ ਹੈ, ਉਹ ਰਹਿਮ ਕਰਣ ਵਾਲਾ ਹੈ। ਪਰ ਇਹ ਸਾਰੀ ਦੁਨੀਆਂ, ਕਾਇਨਾਤ, ਆਉਣੀ ਜਾਣੀ ਹੈ, ਸਦਾ ਰਹਿਣ ਵਾਲੀ ਨਹੀਂ, ਸਦਾ ਕਾਇਮ ਰਹਿਣ ਵਾਲਾ ਤਾਂ ਇਕ ਉਹ ਦਇਆਲੂ ਪਰਮਾਤਮਾ ਹੀ ਹੈ - "ਅਲਾਹੁ ਅਲਖੁ ਅਗਮੁ ਕਾਦਰੁ ਕਰਣਹਾਰੁ ਕਰੀਮੁ॥ ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥', ਅੰਕ ੬੪. ਹੋਰ ਫੁਰਮਾਣ ਕਰਦੇ ਹਨ ਕਿ ਹੇ ਗੋਸਾਈ ਪ੍ਰਭੂ ! ਇਹ ਜਗਤ ਤੇਰਾ ਹੈ ਤੂੰ ਇਸਦਾ ਮਾਲਕ ਹੈ, ਤੂੰ ਕਦੇ ਵੀ ਕੁਝ ਵੀ ਰਚ ਦਿੰਦਾ ਹੈਂ, ਇਕ ਘੜੀ ਵਿਚ ਫ਼ਨਾਹ ਵੀ ਕਰ ਦਿੰਦਾ ਹੈਂ ਅਤੇ ਆਪਣੀ ਮਰਜ਼ੀ ਨਾਲ, ਜਿਵੇਂ ਤੈਨੂੰ ਚੰਗਾ ਲਗਦਾ ਹੈ, ਦੌਲਤ ਵੰਡ ਦਿੰਦਾ ਹੈਂ - 'ਇਹੁ ਜਗੁ ਤੇਰਾ ਤੂ ਗੋਸਾਈ॥ ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ॥', ਪੰਨਾ ੪੧੭.

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਪੰਨਾ ੨੧੯ ਤੇ, ਫੁਰਮਾਣ ਕਰਦੇ ਹਨ ਕਿ ਇਹ ਸਾਰੀ

ਰਚਨਾ ਰਾਮ, ਪ੍ਰਭੂ ਦੀ ਬਣਾਈ ਹੋਈ ਹੈ, ਇਹ ਰਚਨਾ ਤਾਂ ਬਿਨਸਣਹਾਰ ਹੈ, ਨਾਸ ਹੋਣ ਵਾਲੀ ਹੈ, ਕਿਹੋ ਜਿਹਾ ਅਚੱਰਜ ਹੈ ਕਿ ਇਸਨੂੰ ਸਦਾ ਰਹਿਣ ਵਾਲੀ ਸਮਝਿਆ ਜਾ ਰਿਹਾ ਹੈ, ਇਹ ਜੋ ਕੁਝ ਵੀ ਦਿਸ ਰਿਹਾ ਹੈ, ਸਭ ਕੁਝ ਨਾਸ ਹੋ ਜਾਏਗਾ, ਜਿਵੇਂ ਬਦਲ ਦੀ ਛਾਂ ਸਥਾਈ ਨਹੀਂ ਹੁੰਦੀ, ਬਹੁਤ ਹੀ ਥੋੜੇ ਚਿਰ ਲਈ ਹੁੰਦੀ ਹੈ - 'ਸਾਧੋ ਰਚਨਾ ਰਾਮ ਬਨਾਈ॥ ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥..ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥'

ਏਕ ਤੁਈ ਏਕ ਤੁਈ॥੪॥

**ਅਰਥ :** ਇਕ ਤੂੰ ਹੀ ਹੈਂ, ਇਕ ਤੂੰ ਹੀ ਹੈਂ, ਤੂੰ ਹੀ ਸਦਾ ਰਹਿਣ ਵਾਲਾ ਹੈਂ, ਸਦਾ ਲਈ ਥਿਰ ਹੈਂ।੪।

ਸ੍ਰੀ ਗੁਰੂ ਰਾਮਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਹੇ ਅਕਾਲ ਪੁਰਖ ! ਤੂੰ ਜੁਗਾਂ ਜੁਗਾਂ ਤੋਂ ਇਕੋ ਇਕ ਹੀ ਹੈਂ, ਸਦਾ ਤੋਂ ਤੂੰ ਇਕ ਹੀ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਤੂੰ ਕਰਤਾ ਹੈਂ। ਜੋ ਤੈਨੂੰ ਚੰਗਾ ਲਗਦਾ ਹੈ ਉਹੀ ਕੁਝ ਹੁੰਦਾ ਹੈ, ਉਹੁ ਕੁਝ ਹੁੰਦਾ ਹੈ ਜੋ ਤੂੰ ਕਰਦਾ ਹੈਂ - 'ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥ ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ॥', ਪੰਨਾ ੧੧.

(ਨੋਟ : ਇਸ ਸ਼ਬਦ ਦੇ ਕੁਝ ਪਦਿਆਂ ਦੀ ਵਿਸਤ੍ਰਿਤ ਵਿਆਖਿਆ, ਇਸ ਪਉੜੀ ਦੇ ਪਹਿਲੇ ਸਲੋਕਾਂ ਨਾਲ ਕੀਤੀ ਜਾ ਚੁਕੀ ਹੈ ਜੀ।)

ਭਾਵ, ਇਕ ਪਰਮਾਤਮਾ ਹੀ ਸਦਾ ਰਹਿਣ ਵਾਲਾ ਹੈ, ਹੋਰ ਕੋਈ ਨਹੀਂ। ਇਸ ਕਰਕੇ ਇਹੀ ਜਪੋ ਕਿ 'ਏਕ ਤੁਈ ਏਕ ਤੁਈ..........' ਆਓ ਜਪੀਏ

ਤੁਹੀ ਤੁਹੀ ਤੁਹੀ ਤੁਹੀ ਤੁਹੀ ਤੁਹੀ ਤੁਹੀ ਤੁਹੀ................



... ਚਲਦਾ/-